# ਰਿਪੋਟ

## ਖਾਲਸਾ ਕਾਲਜ ਵਿੱਚ ਕਲਾ ਤੇ ਮੀਡੀਆ ਉਤੇ ਵਰਕਸ਼ਾਪ

ਪਿੱਛਲੀ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ ਵਿਖੇ 'ਕਲਾ ਤੇ ਮੀਡੀਆ' ਵਿਸ਼ੇ ਉਤੇ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਕਲਾ ਤੇ ਮੀਡੀਆ ਦੋਵਾਂ ਖੇਤਰਾਂ ਦੀਆਂ ਦੋ ਸਖ਼ਸ਼ੀਅਤਾਂ ਆਰਟਸਿਟ ਸੁਰਜੀਤ ਅਕਰੇ ਤੇ ਪੀਟੀਸੀ ਚੈਨਲ ਤੋਂ ਮੀਸ਼ਾ ਸਿੰਘ ਨੂੰ ਸੱਦਾ ਦਿੱਤਾ ਗਿਆ। ਸ੍ਰੀਮਤੀ ਸੁਰਜੀਤ ਅਕਰੇ ਨੇ ਆਪਣੀ ਕਲਾ ਯਾਤਰਾ ਦੀ ਸਾਂਝ ਵਿਦਿਆਰਥੀਆਂ ਨਾਲ ਪੁਵਾਈ। ਉਨ੍ਹਾਂ ਦੱਸਿਆ ਕਿ ਸੋਵੀਅਤ ਰੂਸ ਵਿੱਚ ਕਲਾ ਦਾ ਇਹ ਕੋਰਸ ਪੂਰਾ ਕਰਨ ਵਿੱਚ ਉਨ੍ਹਾਂ ਨੂੰ ਭਾਸ਼ਾ ਸੰਬੰਧੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਚਿੱਤਰਾਂ ਨੂੰ ਦੇਖ ਦੇਖ ਕੇ ਮੌਜੂਦ ਪ੍ਰਾਧਿਆਪਕ ਤੇ ਵਿਦਿਆਰਥੀ ਸਾਰੇ ਅਤਿਅੰਤ ਪ੍ਰਭਾਵਿਤ ਹੋਏ।ਉਨ੍ਹਾਂ ਨੇ ਉਥੇ ਹੀ ਕਈ ਚਿੱਤਰ ਉਲੀਕ ਕੇ ਦਿਖਾਏ। ਵਿਦਿਆਰਥੀਆਂ ਨੇ ਉਨ੍ਹਾਂ ਤੋਂ ਕੁਝ ਪ੍ਰਸ਼ਨ ਵੀ ਪੁੱਛੇ।

ਦੂਜੀ ਸਖ਼ਸ਼ੀਅਤ ਮੀਸ਼ਾ ਸਿੰਘ ਨੇ ਵਿਦਿਆਰਥੀਆਂ ਨੂੰ ਇਹ ਦੱਸਿਆ ਕਿ ਪੰਜਾਬੀ ਭਾਸ਼ਾ ਦੇ ਕਾਰਣ ਹੀ ਉਹ ਦੇਸ਼ ਦੇ ਇਕ ਵੱਡੇ ਚੈਨਲ ਤਕ ਪਹੁੰਚ ਸਕੇ।ਇਸ ਦੇ ਲਈ ਪੰਜਾਬੀ ਭਾਸ਼ਾ ਨੂੰ ਚੰਗੀ ਤਰ੍ਹਾਂ ਪੜ੍ਹਨਾ-ਲਿਖਣਾ ਤੇ ਬੋਲਣਾ ਆਉਣਾ ਜ਼ਰੂਰੀ ਹੈ।ਉਨ੍ਹਾਂ ਨੇ ਵੀ ਆਪਣੇ ਕਈ ਅਨੁਭਵ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਪਰ ਦੋਵਾਂ ਹਸਤੀਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਅੱਜ ਦੀ ਨਵੀਂ ਪੀੜ੍ਹੀ ਘੱਟ ਮਿਹਨਤ ਕਰ ਕੇ ਜਲਦੀ ਕਾਮਯਾਬ ਹੋਣ ਦਾ ਸੁਫ਼ਨਾ ਦੇਖਦੀ ਹੈ, ਜਦਕਿ ਸੱਚ ਇਹ ਹੈ ਕਿ ਬਿਨਾਂ ਮਿਹਨਤ ਕੀਤੀਆਂ ਕਾਮਯਾਬੀ ਹਾਸਿਲ ਨਹੀਂ ਹੁੰਦੀ।

ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਗੁਰਮੋਹਿੰਦਰ ਸਿੰਘ ਨੇ ਵੀ ਕਿਹਾ ਕਿ, ਕਲਾ ਸਾਰਿਆਂ ਦੇ ਅੰਦਰ ਹੁੰਦੀ ਹੈ, ਲੋੜ ਸਿਰਫ਼ ਉਸ ਨੂੰ ਪਛਾਣ ਕੇ ਅੱਗੇ ਵੱਧਣ ਦੀ ਹੁੰਦੀ ਹੈ।ਇਸ ਮੌਕੇ ਉਤੇ ਵਿਭਾਗ ਦੇ ਸਾਰੇ ਪ੍ਰਾਧਿਅਪਕ ਬਰਜਿੰਦਰ ਚੌਹਾਨ, ਬੇਅੰਤ ਕੌਰ, ਬੀ.ਐਸ.ਬਖਸ਼ੀ, ਵਿਨੈਨੀਤ ਕੌਰ, ਪਰਮਜੀਤ ਕੌਰ ਕੰਬੋਜ ਸ਼ਾਮਿਲ ਹੋਏ।ਪ੍ਰੋਗਰਾਮ ਦਾ ਸੰਚਾਲਨ ਜਸਵਿੰਦਰ ਕੌਰ ਬਿੰਦਰਾ ਨੇ ਸਫਲਤਾ ਨਾਲ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਵਿਭਾਗ ਦੇ ਕਨਵੀਨਰ ਪਰਮਜੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।